ਅੰਤਰ ਰਾਸ਼ਟਰੀ ਪੰਜਾਬੀ ਪੀਅਰ ਰੀਵਿਊਡ/ਰੈਫ਼ਰੀਡ ਸਾਹਿਤਕ ਅਤੇ ਖੋਜ ਜਰਨਲ **ਖੋਜਨਾਮਾ**

ISSN: 2584-0509





ਵਿਜੇ ਵਿਵੇਕ

+91 95017 00495

**1.**

ਉਬਲਦੀ ਝੀਲ ਅੰਦਰ ਛਾਲ਼ ਮਾਰ ਕੇ ਵੇਖੀ।
ਤੇ ਠੰਢੀ ਰੇਤ ਵਿਚ ਕਿਸ਼ਤੀ ਉਤਾਰ ਕੇ ਵੇਖੀ।

ਕਿਤੋਂ ਮਿਲੀਆਂ ਨਹੀਂ ਸੂਹਾਂ ਮੇਰੇ ਚਿੱਤਚੋਰ ਦੀਆਂ,
ਜ਼ਮਾਨੇ ਭਰ ਦੀ ਹਰ ਇਕ ਸ਼ੈਅ ਨਿਹਾਰ ਕੇ ਵੇਖੀ।

ਰਿਵਾਇਤਾਂ ਦੇ ਸਾਰੇ ਸਾਂਗ ਧਾਰ ਕੇ ਵੇਖੇ,
ਸਿਆਣਪਾਂ ਦੀ ਹਰ ਪੁਸਤਕ ਵਿਚਾਰ ਕੇ ਵੇਖੀ।

ਅਜੇ ਵੀ ਤਪ ਰਿਹੈ ਮੱਥੇ 'ਚ ਫਾਲ਼ੇ ਵਾਗੂੰ ਕੁਝ,
ਮੈਂ ਇਕ ਬਲ਼ਦੇ ਸਿਵੇ ਦੀ ਅੱਗ ਠਾਰ ਕੇ ਵੇਖੀ।

ਸਮੇਤ ਪੋਟਲ਼ੀ ਦੇ ਖਿੰਡ ਗਈ ਬੁੱਧੀਮਾਨੀ,
ਮੈਂ ਤੇਰੀ ਯਾਦ ਵਿਚ ਇਕ ਤੁਕ ਉਚਾਰ ਕੇ ਵੇਖੀ।

ਵੱਧ ਇਸ ਤੋਂ ਹੋਰ ਕੀ ਕਰਦੇ ਜੁਆਰੀਏ ਤੇਰੇ,
ਕਿ ਅੰਤ ਅੰਤਲੀ ਬਾਜ਼ੀ ਵੀ ਹਾਰ ਕੇ ਵੇਖੀ।

ਸ਼ਿੰਗਾਰ-ਹਾਰ ਸੁੱਟ ਕੇ ਆ ਗਈ ਗ਼ਜ਼ਲ ਰਾਣੀ,
ਜਦੋਂ ਵੀ ਮੈਂ ਮਲੰਗ ਨੇ ਪੁਕਾਰ ਕੇ ਵੇਖੀ।

**2.**

ਮੈਂ ਮਕਸਦਹੀਣ ਕਵਿਤਾ ਕਰ ਰਿਹਾ ਹਾਂ।
ਬਹੁਤ ਬੇਕਾਰ ਧੰਦਾ ਕਰ ਰਿਹਾ ਹਾਂ।

ਮੇਰਾ ਨਾ ਜ਼ਖ਼ਮ, ਨਾ ਤਲਵਾਰ ਮੇਰੀ,
ਅਜਾਈਂ ਰਾਮ- ਰੌਲ਼ਾ ਕਰ ਰਿਹਾ ਹਾਂ।

ਤੇਰੀ ਸੂਰਤ ਵਿਚਾਲੇ ਆ ਰਹੀ ਹੈ,
ਮੈਂ ਖ਼ਾਲੀ ਥਾਂ ਨੂੰ ਸਿਜਦਾ ਕਰ ਰਿਹਾ ਹਾਂ।

ਮੈਂ ਜਲ ਕੀ, ਪਿਆਸ ਵੀ ਮਿਣ-ਮਿਣ ਕੇ ਡੋਲ੍ਹਾਂ,
ਸਿਆਣਾ ਹਾਂ ਨਾ, ਸਰਫ਼ਾ ਕਰ ਰਿਹਾ ਹਾਂ।

ਮੇਰੇ ਗੰਭੀਰ ਦਰਸ਼ਕ ਖਿਝ ਰਹੇ ਨੇ,
ਕਿ ਮੈਂ ਹਲਕਾ ਡਰਾਮਾ ਕਰ ਰਿਹਾ ਹਾਂ।

ਮੇਰਾ -ਤੇਰਾ ਤਾਂ ਨਿੱਬੜ ਹੀ ਗਿਆ ਹੈ,
ਇਹ ਕਿਸਦੇ ਨਾਲ਼ ਲੇਖਾ ਕਰ ਰਿਹਾ ਹਾਂ?

ਨਹੀਂ ਸਿੱਖੀ ਗਈ ਵਿਆਕਰਣ, ਤਾਹੀਓਂ,
ਮੈਂ ਭਾਸ਼ਾ ਈ ਹੋਰ ਪੈਦਾ ਕਰ ਰਿਹਾ ਹਾਂ।

ਕਈ ਕੋਮਲ ਸੁਰਾਂ ਨੂੰ ਮਿੱਧ ਕੇ ਹੀ,
ਮੈਂ ਆਪਣਾ ਬੋਲ ਉੱਚਾ ਕਰ ਰਿਹਾ ਹਾਂ।

ਕਿ ਸ਼ਾਇਰ ਹੀ ਨਹੀਂ, 'ਉਸਤਾਦ' ਵੀ ਹਾਂ,
ਸੋ, ਜ਼ਿੰਦਾ ਲਫ਼ਜ਼ ਮੁਰਦਾ ਕਰ ਰਿਹਾ ਹਾਂ।

**3.**

ਜਿੰਨ੍ਹਾਂ ਦੇ ਟੁੱਟਣ ਦਾ ਸੀ ਨ ਕੋਈ ਡਰ।
ਓਨ੍ਹਾਂ ਤੁਤਲੇ ਵਾਅਦਿਆਂ ਨੂੰ ਯਾਦ ਕਰ।

ਹੁਸਨ ਦੀ ਅਸਲੋਂ ਨਵੀਂ ਤਸਵੀਰ ਵਿਚ,
ਲੱਭ ਕੇ ਕਿਤਿਓਂ ਪੁਰਾਣੇ ਰੰਗ ਭਰ।

ਮੰਨਿਆ, ਦੂਜਾ ਕੋਈ ਲਾਂਘਾ ਨਹੀਂ,
ਤਾਂ ਵੀ ਫੁੱਲਾਂ ਤੋਂ ਬਚਾ ਕੇ ਪੈਰ ਧਰ।

ਏਹੋ ਅਗਨੀ ਕਾਲਖਾਂ ਕੁੰਦਨ ਕਰੇ,
ਬੇਰੁਖ਼ੀ ਮਹਿਬੂਬ ਦੀ ਹੱਸ ਹੱਸ ਕੇ ਜਰ।

ਪੂੰਝ ਦੇ ਪਲਕਾਂ 'ਤੋਂ ਮਸਕਾ ਚਮਕਣਾ,
ਰਹਿਣ ਦੇ ਇਹ ਕਾਟਵੀਂ,ਤਿਰਛੀ ਨਜ਼ਰ।

ਤਿਆਗ ਕੇ ਵਲ਼- ਛਲ਼ ਅਤੇ ਘੁੰਡੀਆਂ ਤਮਾਮ,
ਸਰਲ ਹੋ ਜਾ ਮਨ ਦੇ ਹੇ ਅਸ਼ਟਾਵਕਰ!*

(*ਜਿਸ 'ਚ ਅੱਠ ਵਿੰਗ (ਵਲ਼) ਹੋਣ।)